Series ΣHEFG/C

Set-4

Q.P. Code **223**

Roll No. [ ][ ][ ][ ][ ][ ][ ][ ]

Candidates must write the Q.P. Code on the title page of the answer-book.

# ਸਮਾਜਸ਼ਾਸਤ੍ਰ
## (ਪੰਜਾਬੀ ਉਲਥਾ)
# SOCIOLOGY
## (Punjabi Version)

*ਸਮਾਂ ਸੀਮਾ : **3** ਘੰਟੇ* | *ਪੂਰਨ ਅੰਕ : **80***

*Time allowed : **3** hours* | *Maximum Marks : **80***

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **11** ਪੰਨੇ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **38** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **11** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **38** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

*

***ਵਿਆਪਕ ਨਿਰਦੇਸ਼ :***

*ਹੇਠ ਲਿੱਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦਾ ਸਖਤੀ ਨਾਲ ਪਾਲਨ ਕਰੋ :*

*(i)* *ਇਹ ਪ੍ਰਸ਼ਨ ਪੱਤਰ **ਚਾਰ** ਖੰਡਾਂ ਵਿਚ ਵੰਡਿਆ ਗਿਆ ਹੈ — **ਖੰਡ ੳ, ਅ, ੲ** ਅਤੇ **ਸ** ।*

*(ii)* *ਇਸ ਪ੍ਰਸ਼ਨ ਪੱਤਰ ਵਿਚ ਕੁਲ **38** ਪ੍ਰਸ਼ਨ ਹਨ । **ਸਾਰੇ** ਪ੍ਰਸ਼ਨ **ਜ਼ਰੂਰੀ** ਹਨ ।*

*(iii)* ***ਖੰਡ ੳ** ਵਿਚ ਪ੍ਰਸ਼ਨ ਸੰਖਿਆ **1 – 20** ਹਨ । ਇਹ ਵਸਤੂਨਿਸ਼ਟ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਲਈ **1** ਅੰਕ ਨਿਸ਼ਚਿਤ ਹੈ ।*

*(iv)* ***ਖੰਡ ਅ** ਵਿਚ ਪ੍ਰਸ਼ਨ ਸੰਖਿਆ **21 – 29** ਹਨ । ਇਹ ਅਤਿ ਲਘੂ ਉੱਤਰ ਵਾਲੇ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਲਈ **2** ਅੰਕ ਨਿਸ਼ਚਿਤ ਹੈ । ਹਰੇਕ ਪ੍ਰਸ਼ਨ ਦਾ ਉੱਤਰ ਵੱਧ ਤੋਂ ਵੱਧ 30 ਸ਼ਬਦਾਂ ਵਿੱਚ ਦਿਉ ।*

*(v)* ***ਖੰਡ ੲ** ਵਿਚ ਪ੍ਰਸ਼ਨ ਸੰਖਿਆ **30 – 35** ਹਨ । ਇਹ ਲਘੂ ਉੱਤਰ ਵਾਲੇ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਲਈ **4** ਅੰਕ ਨਿਸ਼ਚਿਤ ਹੈ । ਹਰੇਕ ਪ੍ਰਸ਼ਨ ਦਾ ਉੱਤਰ ਵੱਧ ਤੋਂ ਵੱਧ 80 ਸ਼ਬਦਾਂ ਵਿੱਚ ਦਿਉ ।*

*(vi)* ***ਖੰਡ ਸ** ਵਿਚ ਪ੍ਰਸ਼ਨ ਸੰਖਿਆ **36 – 38** ਹਨ । ਇਹ ਲੰਮੇ ਉੱਤਰ ਵਾਲੇ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਲਈ **6** ਅੰਕ ਨਿਸ਼ਚਿਤ ਹੈ । ਹਰੇਕ ਪ੍ਰਸ਼ਨ ਦਾ ਉੱਤਰ ਵੱਧ ਤੋਂ ਵੱਧ 200 ਸ਼ਬਦਾਂ ਵਿੱਚ ਦਿਉ । ਦਿੱਤੇ ਗਏ ਪੈਰੇ ਦੀ ਸਹਾਇਤਾ ਨਾਲ ਪ੍ਰਸ਼ਨ ਸੰਖਿਆ **38** ਦਾ ਉੱਤਰ ਦਿਉ ।*

## ਖੰਡ ੳ

*ਪ੍ਰਸ਼ਨ ਸੰਖਿਆ **1** ਤੋਂ **20** ਤਕ ਵਸਤੂਨਿਸ਼ਟ ਪ੍ਰਕਾਰ ਦੇ ਪ੍ਰਸ਼ਨ ਹਨ । ਹਰੇਕ ਪ੍ਰਸ਼ਨ **1** ਅੰਕ ਦਾ ਹੈ ।*

*20×1=20*

**1.** ਕਿਸੇ ਵਿਸ਼ੇਸ਼ ਖੇਤਰ ਵਿਚ ਇਕ ਨਿਸ਼ਚਿਤ ਸਮੇਂ ਦੌਰਾਨ ਪ੍ਰਤੀ 1000 ਆਦਮੀਆਂ ਪਿੱਛੇ ਔਰਤਾਂ ਦੀ ਗਿਣਤੀ ਕੀ ਹੈ ?

(a) ਜਨਸੰਖਿਆ ਦੀ ਉਮਰ ਸੰਰਚਨਾ

(b) ਔਰਤ–ਮਰਦ ਅਨੁਪਾਤ

(c) ਪਰਨਿਰਭਰਤਾ ਅਨੁਪਾਤ

(d) ਜਨਸੰਖਿਆ ਵਿਕਾਸ ਦਰ

2. *ਦਰਿੜਕਥਨ (A) :* ਪ੍ਰਬਲ ਜਾਤੀ ਸ਼ਬਦ ਦਾ ਪ੍ਰਯੋਗ ਅਜਿਹੀਆਂ ਜਾਤੀਆਂ ਦਾ ਉਲੇਖ ਕਰਨ ਲਈ ਕੀਤਾ ਜਾਂਦਾ ਹੈ, ਜਿਨ੍ਹਾਂ ਦੀ ਜਨਸੰਖਿਆ ਕਾਫੀ ਵੱਡੀ ਹੁੰਦੀ ਹੈ ।

*ਕਾਰਨ (R) :* ਸੁਤੰਤਰਤਾ ਪ੍ਰਾਪਤੀ ਮਗਰੋਂ ਕੀਤੇ ਗਏ ਅੰਸ਼ਿਕ ਭੂਮੀ ਸੁਧਾਰਾਂ ਦੁਆਰਾ ਉਨ੍ਹਾਂ ਨੂੰ ਭੂਮੀ ਦੇ ਅਧਿਕਾਰ ਪ੍ਰਦਾਨ ਕੀਤੇ ਗਏ ਸਨ ।

(a) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ਹੈ ।

(b) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(c) ਦਰਿੜਕਥਨ (A) ਸਹੀ ਹੈ, ਪਰ ਕਾਰਨ (R) ਗਲਤ ਹੈ ।

(d) ਦਰਿੜਕਥਨ (A) ਗਲਤ ਹੈ, ਪਰ ਕਾਰਨ (R) ਸਹੀ ਹੈ ।

3. ਹੇਠ ਲਿਖਿਆਂ ਵਿੱਚੋਂ ਕਿਹੜੀ ਸਮਾਜਿਕ ਪੱਧਰੀਕਰਨ ਦੀ ਵਿਸ਼ੇਸ਼ਤਾ ***ਨਹੀਂ*** ਹੈ ?

(a) ਸਮਾਜਿਕ ਪੱਧਰੀਕਰਨ ਨੂੰ ਵਿਸ਼ਵਾਸ ਦੇ ਪੈਟਰਨਾਂ ਦੁਆਰਾ ਹਮਾਇਤ ਮਿਲਦੀ ਹੈ ।

(b) ਇਹ ਵਿਅਕਤੀਆਂ ਦੇ ਵਿਚਕਾਰ ਵਿਭਿੰਨਤਾ ਦਾ ਕਾਰਜ ਹੈ ।

(c) ਸਮਾਜਿਕ ਪੱਧਰੀਕਰਨ ਪੀੜ੍ਹੀ-ਦਰ-ਪੀੜ੍ਹੀ ਬਰਕਰਾਰ ਰਹਿੰਦਾ ਹੈ ।

(d) ਇੱਕ ਵਿਅਕਤੀ ਨੂੰ ਸਮਾਜਿਕ ਸਥਿਤੀ ਦੀ ਪੱਧਰ ਭਾਵ ਆਪਣੇ-ਆਪ ਮਿਲੀ ਹੁੰਦੀ ਹੈ ।

4. ਜਨਜਾਤੀਵਾਦੀ ਵਿਚਾਰਧਾਰਾ ਹੇਠ ਲਿਖਿਆਂ ਵਿੱਚੋਂ ਕਿਸ ਵੱਲ ਸੰਕੇਤ ਕਰਦੀ ਹੈ ?

(a) ਉਨ੍ਹਾਂ ਨੂੰ ਆਪਣੀ ਪਛਾਣ ਉੱਤੇ ਮਾਣ ਹੈ ।

(b) ਉਹ ਸਵੈ ਇੱਛਾ ਨਾਲ ਆਪਣੀ ਪਛਾਣ ਦੀ ਕੀਮਤ ਉੱਤੇ ਮੁੱਖ ਧਾਰਾ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹਨ ।

(c) ਉਨ੍ਹਾਂ ਨੂੰ ਆਪਣੀ ਪਛਾਣ ਉੱਤੇ ਮਾਣ ਨਹੀਂ ਹੈ ।

(d) ਜਨਜਾਤੀ ਸਮੂਹ ਨਵੇਂ ਸੰਪਰਕ ਵਿੱਚ ਆਏ ਹੋਰ ਲੋਕਾਂ ਨਾਲ ਆਪਣੇ ਆਪ ਨੂੰ ਵੱਖਰਾ ਦਰਸਾਉਣਾ ਨਹੀਂ ਚਾਹੁੰਦੇ ।

**5.** ਐਮਰਜੈਂਸੀ ਤੋਂ ਬਾਅਦ, ਜਦੋਂ ਜਨਤਾ ਪਾਰਟੀ ਨੇ ਹਕੂਮਤ ਦੀ ਵਾਗਡੋਰ ਸੰਭਾਲੀ, ਉਸ ਸਮੇਂ __________ ਦੀ ਅਗਵਾਈ ਹੇਠ ਦੂਜਾ ਪਿਛੜਾ ਵਰਗ ਕਮਿਸ਼ਨ ਨਿਯੁਕਤ ਕੀਤਾ ਗਿਆ ਸੀ ।

(a) ਜਵਾਹਰ ਲਾਲ ਨਹਿਰੂ (b) ਬੀ.ਪੀ. ਮੰਡਲ

(c) ਇੰਦਰਾ ਗਾਂਧੀ (d) ਵੀ.ਵੀ. ਗਿਰੀ

**6.** ਇਸ ਦੁਨੀਆਂ ਵਿੱਚ ਆਪਣੀ ਹੋਂਦ ਬਰਕਰਾਰ ਰੱਖਣ ਲਈ ਹਰੇਕ ਮਨੁੱਖ ਨੂੰ ਇੱਕ ਸਥਾਈ ਪਛਾਣ ਦੀ ਲੋੜ ਹੁੰਦੀ ਹੈ । ਭਾਈਚਾਰਕ ਪਛਾਣ ਬਾਰੇ ***ਗਲਤ*** ਕਥਨ ਚੁਣੋ ।

(a) ਭਾਈਚਾਰਕ ਪਛਾਣ ਜਨਮ ਉੱਤੇ ਆਧਾਰਿਤ ਹੁੰਦੀ ਹੈ ।

(b) ਭਾਈਚਾਰਕ ਪਛਾਣ ਆਪਣੇਪਣ ਉੱਤੇ ਆਧਾਰਿਤ ਹੁੰਦੀ ਹੈ ।

(c) ਕਿਸੇ ਭਾਈਚਾਰੇ ਵਿੱਚ ਜਨਮ ਲੈਣ ਵਾਸਤੇ ਸਾਨੂੰ ਕੁੱਝ ਨਹੀਂ ਕਰਨਾ ਹੁੰਦਾ ।

(d) ਭਾਈਚਾਰਕ ਪਛਾਣ ਅਰਜਿਤ ਯੋਗਤਾਵਾਂ ਉੱਤੇ ਆਧਾਰਿਤ ਹੁੰਦੀ ਹੈ ।

**7.** "ਉਨ੍ਹਾਂ ਕੱਟੜਪੰਥੀਆਂ ਨੂੰ, ਜਿਨ੍ਹਾਂ ਦੇ ਮਨ ਵਿੱਚ ਘੱਟ ਗਿਣਤੀਆਂ ਦੀ ਸੁਰੱਖਿਆ ਵਿਰੁੱਧ ਇੱਕ ਤਰ੍ਹਾਂ ਦਾ ਦੁਸ਼ਗ੍ਰਹਿ ਘਰ ਕਰ ਗਿਆ ਹੈ, ਮੈਂ ਦੋ ਗੱਲਾ ਕਹਿਣਾ ਚਾਹੁੰਦਾ ਹਾਂ । ਇੱਕ ਇਹ ਹੈ ਕਿ ਇਹ ਵਰਗ ਇਕ ਵਿਸਫੋਟਕ ਸ਼ਕਤੀ ਹੈ, ਜੋ ਭੜਕ ਜਾਵੇ ਤਾਂ ਰਾਜ ਦੀ ਸੰਪੂਰਨ ਰਚਨਾ ਨੂੰ ਤਾਰ-ਤਾਰ ਕਰ ਦੇਵੇਗੀ ।"

ਉਪਰੋਕਤ ਕਥਨ __________ ਦੇ ਵਿਚਾਰਾਂ ਨਾਲ ਸੰਬੰਧਿਤ ਹੈ ।

(a) ਡਾ. ਅੰਬੇਡਕਰ (b) ਸ਼੍ਰੀਨਿਵਾਸ

(c) ਮਹਾਤਮਾ ਗਾਂਧੀ (d) ਜਵਾਹਰ ਲਾਲ ਨਹਿਰੂ

**8.** 21ਵੀਂ ਸਦੀ ਵਿੱਚ ਭਾਰਤ ਦੀ ਸ਼ਹਿਰੀਕਰਨ ਦੀ ਪ੍ਰਕਿਰਿਆ ਦੀ ਦਰ ਬਹੁਤ ਤੇਜ਼ ਹੁੰਦੀ ਨਜ਼ਰ ਆਉਂਦੀ ਹੈ । ਭਾਰਤ ਸਰਕਾਰ ਦੀ __________ ਦੀ ਲੁਭਾਵਨੀ ਯੋਜਨਾ ਇਸ ਗਤੀ ਨੂੰ ਤੇਜ਼ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਵੇਗੀ ।

(a) ਸਮਾਰਟ ਸਿਟੀ

(b) ਗ੍ਰਾਮ ਉਦੇ ਤੋਂ ਭਾਰਤ ਉਦੇ

(c) ਸਟੈਂਡ ਅੱਪ ਇੰਡੀਆ

(d) ਸਟਾਰਟ ਅੱਪ ਇੰਡੀਆ

9. *ਦਰਿੜਕਥਨ (A) :* ਪ੍ਰਿੰਟਿੰਗ ਪ੍ਰੈੱਸ, ਟੈਲੀਗ੍ਰਾਫ ਅਤੇ ਮਗਰੋਂ ਮਾਈਕਰੋਫੋਨ ਦਾ ਵਿਸਤਾਰ ਅਤੇ ਸਟੀਮਸ਼ਿਪਾਂ ਅਤੇ ਰੇਲਵੇ ਰਾਹੀਂ ਲੋਕਾਂ ਅਤੇ ਵਸਤੂਆਂ ਦੀ ਢੋਆ-ਢੁਆਈ ਨੇ ਨਵੇਂ ਵਿਚਾਰਾਂ ਨੂੰ ਤੇਜ਼ ਗਤਿ ਦੇਣ ਵਿੱਚ ਸਹਾਇਤਾ ਕੀਤੀ ।

*ਕਾਰਨ (R) :* ਨਵੀਂ ਤਕਨੀਕ ਨੇ ਸੰਚਾਰ ਦੇ ਵਿਭਿੰਨ ਰੂਪਾਂ ਨੂੰ ਗਤੀ ਪ੍ਰਦਾਨ ਕੀਤੀ ।

(a) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ਹੈ ।

(b) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(c) ਦਰਿੜਕਥਨ (A) ਸਹੀ ਹੈ, ਪਰ ਕਾਰਨ (R) ਗਲਤ ਹੈ ।

(d) ਦਰਿੜਕਥਨ (A) ਗਲਤ ਹੈ, ਪਰ ਕਾਰਨ (R) ਸਹੀ ਹੈ ।

10. *ਦਰਿੜਕਥਨ (A) :* ਔਰਤਾਂ ਵੀ ਖੇਤੀ ਮਜ਼ਦੂਰਾਂ ਦੇ ਮੁੱਖ ਸਰੋਤ ਵਜੋਂ ਉੱਭਰ ਰਹੀਆਂ ਹਨ ਜਿਸ ਨਾਲ 'ਖੇਤੀ ਮਜ਼ਦੂਰ ਸ਼ਕਤੀ ਦਾ ਮਹਿਲਾਕਰਨ' ਹੋ ਰਿਹਾ ਹੈ ।

*ਕਾਰਨ (R) :* ਨਿਰਧਨ ਖੇਤਰਾਂ ਵਿੱਚ, ਜਿੱਥੇ ਪਰਿਵਾਰ ਦੇ ਮਰਦ ਮੈਂਬਰ, ਸਾਲ ਦਾ ਵਧੇਰੇ ਹਿੱਸਾ ਪਿੰਡ ਤੋਂ ਬਾਹਰ ਕੰਮ ਕਰਨ ਵਿੱਚ ਬਿਤਾਉਂਦੇ ਹਨ, ਖੇਤੀ ਮੂਲ ਰੂਪ ਵਿੱਚ ਔਰਤਾਂ ਦਾ ਕੰਮ ਬਣ ਗਿਆ ਹੈ ।

(a) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ਹੈ ।

(b) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(c) ਦਰਿੜਕਥਨ (A) ਸਹੀ ਹੈ, ਪਰ ਕਾਰਨ (R) ਗਲਤ ਹੈ ।

(d) ਦਰਿੜਕਥਨ (A) ਗਲਤ ਹੈ, ਪਰ ਕਾਰਨ (R) ਸਹੀ ਹੈ ।

**11.** ਸਰਕਾਰ ਸਾਰਵਜਨਕ ਕੰਪਨੀਆਂ ਦੇ ਆਪਣੇ ਹਿੱਸਿਆਂ ਨੂੰ ਨਿੱਜੀ ਖੇਤਰਾਂ ਦੀ ਕੰਪਨੀਆਂ ਨੂੰ ਵੇਚਣ ਦਾ ਜਤਨ ਕਰ ਰਹੀ ਹੈ, ਜਿਸ ਨੂੰ __________ ਕਿਹਾ ਜਾਂਦਾ ਹੈ ।

(a) ਵਿਨਿਵੇਸ਼

(b) ਸੰਗਠਿਤ ਖੇਤਰ

(c) ਅਸੰਗਠਿਤ ਖੇਤਰ

(d) ਉਦਾਰੀਕਰਨ

**12.** ਹੇਠ ਲਿਖਿਆਂ ਵਿੱਚੋਂ ਕਿਹੜਾ ਗਣਿਤ ਦੀ ਪ੍ਰਗਤੀ ਨੂੰ ਦਰਸਾਉਂਦਾ ਹੈ ?

(a) 2, 4, 6, 8, 10, ...

(b) 2, 4, 8, 16, ...

(c) 1, 2, 4, 6, ...

(d) 2, 6, 18, 54, ...

**13.** ਹੇਠ ਲਿਖਿਆਂ ਵਿੱਚੋਂ ਕਿਸ ਨੂੰ ਸੰਯੁਕਤ ਪਰਿਵਾਰ ਦੇ ਰੂਪ ਵਿੱਚ ਪਛਾਣਿਆ ਜਾ ਸਕਦਾ ਹੈ ?

(a) ਭਰਾਵਾਂ ਦਾ ਇਕ ਸਮੂਹ ਆਪਣੇ-ਆਪਣੇ ਪਰਿਵਾਰ ਨੂੰ ਲੈ ਕੇ ਰਹਿੰਦੇ ਹਨ

(b) ਮਾਤਾ-ਪਿਤਾ ਅਤੇ ਉਨ੍ਹਾਂ ਦੇ ਬੱਚਿਆਂ ਦਾ ਇੱਕ ਸਮੂਹ

(c) ਇੱਕ ਬਜ਼ੁਰਗ ਦੰਪਤੀ ਆਪਣੇ ਪੁੱਤਰ ਨਾਲ

(d) ਉਪਰੋਕਤ ਵਿੱਚੋਂ ਕੋਈ ਨਹੀਂ

**14.** ਪ੍ਰਵਾਸੀ ਖੇਤੀ ਮਜ਼ਦੂਰਾਂ ਵਿੱਚ ਵਾਧਾ ਪੇਂਡੂ ਸਮਾਜ ਦਾ ਇੱਕ ਹੋਰ ਮਹੱਤਵਪੂਰਨ ਪਰਿਵਰਤਨ ਹੈ, ਜੋ ਖੇਤੀ ਦੇ ਵਪਾਰੀਕਰਨ ਨਾਲ ਜੁੜਿਆ ਹੈ ।
ਪ੍ਰਵਾਸ ਕਰਨ ਵਾਲੇ ਇਹਨਾਂ ਮਜ਼ਦੂਰਾਂ ਦੇ ਲਈ ਜਾੱਨ ਬਰੇਮਨ ਨੇ ਕਿਹੜਾ ਸ਼ਬਦ ਵਰਤਿਆ ਹੈ ?

(a) ਘੁਮਕੱੜ ਮਜ਼ਦੂਰ

(b) ਖੇਤੀ ਮਜ਼ਦੂਰਾਂ ਦਾ ਮਹਿਲਾਕਰਨ

(c) ਏਜੰਟ

(d) ਬੰਧੂਆ ਮਜ਼ਦੂਰ

**15.** *ਦਰਿੜਕਥਨ (A) :* ਕਾਰਖਾਨਿਆਂ ਵਿੱਚ ਸਾਰੇ ਕੰਮ ਜਿਵੇਂ ਸਫਾਈ, ਸੁਰੱਖਿਆ, ਇੱਥੋਂ ਤੱਕ ਕਿ ਪੁਰਜਿਆਂ ਦਾ ਉਤਪਾਦਨ ਵੀ ਬਾਹਰੀ ਸਰੋਤਾਂ ਤੋਂ ਹੁੰਦਾ ਹੈ ।

*ਕਾਰਨ (R) :* ਬਾਹਰੀ ਸਰੋਤਾਂ ਨਾਲ ਕੀਤਾ ਗਿਆ ਅਤੇ ਸਮੇ ਸਿਰ ਪੂਰਾ ਕੀਤਾ ਕੰਮ ਕੰਪਨੀ ਦੀ ਲਾਗਤ ਨੂੰ ਘਟ ਰਖਦਾ ਹੈ ।

(a) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ਹੈ ।

(b) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(c) ਦਰਿੜਕਥਨ (A) ਸਹੀ ਹੈ, ਪਰ ਕਾਰਨ (R) ਗਲਤ ਹੈ ।

(d) ਦਰਿੜਕਥਨ (A) ਗਲਤ ਹੈ, ਪਰ ਕਾਰਨ (R) ਸਹੀ ਹੈ ।

**16.** *ਦਰਿੜਕਥਨ (A) :* ਝਾਰਖੰਡ ਭਾਰਤ ਦੇ ਨਵਗਠਿਤ ਰਾਜਾਂ ਵਿੱਚੋਂ ਇੱਕ ਹੈ, ਜੋ ਇੱਕ ਸਮਾਜਕ ਅੰਦੋਲਨ ਦੇ ਪਰਿਣਾਮ ਸਰੂਪ ਸਾਲ 2000 ਵਿੱਚ ਦੱਖਣੀ ਬਿਹਾਰ ਵਿੱਚੋਂ ਬਣਿਆ ਹੈ ।

*ਕਾਰਨ (R) :* ਝਾਰਖੰਡ ਦੇ ਨਿਰਮਾਣ ਦੀ ਸਫਲਤਾ ਬਿਨਾ ਨੇਤਾ ਦੇ ਅੰਦੋਲਨ ਹੋਣ ਵਿਚ ਨਿਹਿਤ ਹੈ ।

(a) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ਹੈ ।

(b) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(c) ਦਰਿੜਕਥਨ (A) ਸਹੀ ਹੈ, ਪਰ ਕਾਰਨ (R) ਗਲਤ ਹੈ ।

(d) ਦਰਿੜਕਥਨ (A) ਗਲਤ ਹੈ, ਪਰ ਕਾਰਨ (R) ਸਹੀ ਹੈ ।

**17.** __________ ਸਮਾਜਕ ਅੰਦੋਲਨ ਦਾ ਟੀਚਾ ਆਪਣੇ ਵਿਅਕਤੀਗਤ ਮੈਂਬਰਾਂ ਦੀ ਵਿਅਕਤੀਗਤ ਚੇਤਨਾ ਅਤੇ ਗਤੀਵਿਧੀਆਂ ਵਿੱਚ ਪਰਿਵਰਤਨ ਲਿਆਉਣਾ ਹੁੰਦਾ ਹੈ ।

(a) ਸੁਧਾਰਵਾਦੀ (b) ਪ੍ਰਤੀਦਾਨਾਤਮਕ

(c) ਕ੍ਰਾਂਤੀਕਾਰੀ (d) ਸਾਪੇਖੀ ਵੰਚਣ

**18.** ਹੇਠ ਲਿਖਿਆਂ ਵਿੱਚੋਂ ਕਿਹੜਾ/ਕਿਹੜੇ ਕਥਨ ਪਰਿਵਾਰ ਦੇ ਸੰਬੰਧ ਵਿੱਚ ਸਹੀ ਹੈ/ਹਨ ?

I. ਪਰਿਵਾਰ ਇੱਕ ਸਮਾਜਕ ਸੰਸਥਾ ਹੈ ।

II. ਪਰਿਵਾਰ ਦੀ ਸੰਰਚਨਾ ਸਮਾਜ ਦੀਆਂ ਹੋਰ ਸੰਸਥਾਵਾਂ ਨਾਲ ਜੁੜੀ ਹੈ ।

III. ਪਰਿਵਾਰ ਦੀ ਸੰਰਚਨਾ ਅਤੇ ਉਸ ਦੇ ਗਠਨ ਵਿਚ ਪਰਿਵਰਤਨ ਹੋ ਸਕਦੇ ਹਨ ।

(a) I ਝੂਠ ਹੈ ।

(b) I ਅਤੇ II ਸੱਚ ਹਨ ।

(c) I ਅਤੇ III ਸੱਚ ਹਨ ।

(d) I, II ਅਤੇ III ਸੱਚ ਹਨ ।

**19.** *ਦਰਿੜਕਥਨ (A) :* 20ਵੀਂ ਸਦੀ ਵਿੱਚ, ਕਈ ਭਾਰਤੀ ਭਾਸ਼ਾਵਾਂ ਵਿੱਚੋਂ ਸੰਸਕ੍ਰਿਤ ਸ਼ਬਦਾਂ ਤੇ ਵਾਕੰਸ਼ਾਂ ਨੂੰ ਕੱਢਣ ਦੀ ਕੋਸਿਸ਼ ਕੀਤੀ ਗਈ ।

*ਕਾਰਨ (R) :* 20ਵੀਂ ਸਦੀ ਵਿੱਚ ਬ੍ਰਾਹਮਣ-ਵਿਰੋਧੀ ਮੁਹਿੰਮ ਵਿੱਚ ਵਾਧਾ ਹੋਇਆ ਅਤੇ ਖੇਤਰੀ ਸਵੈ-ਚੇਤਨਾ ਦਾ ਵਿਕਾਸ ਵੇਖਿਆ ਗਿਆ ।

(a) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ਹੈ ।

(b) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(c) ਦਰਿੜਕਥਨ (A) ਸਹੀ ਹੈ, ਪਰ ਕਾਰਨ (R) ਗਲਤ ਹੈ ।

(d) ਦਰਿੜਕਥਨ (A) ਗਲਤ ਹੈ, ਪਰ ਕਾਰਨ (R) ਸਹੀ ਹੈ ।

**20.** ਸੰਸਕ੍ਰਿਤੀਕਰਨ ਦੀ ਪ੍ਰਕਿਰਿਆ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਅਭਿਆਸ ***ਨਹੀਂ*** ਅਪਣਾਇਆ ਜਾਂਦਾ ਹੈ ?

(a) ਸ਼ਾਕਾਹਾਰੀ ਬਣ ਜਾਣਾ

(b) ਧਾਰਮਕ ਧਾਗਾ ਧਾਰਨ ਕਰਨਾ

(c) ਧਾਰਮਕ ਉਤਸਵ ਮਨਾਉਣਾ

(d) ਢੋਲ-ਨਗਾੜੇ ਵਜਾਉਣਾ

## ਖੰਡ ਅ

**21.** ਕੇਰਲਾ ਦਾ ਪੇਂਡੂ ਖੇਤਰ ਮੂਲ ਰੂਪ ਤੋਂ ਖੇਤੀ ਪ੍ਰਧਾਨ ਹੋਣ ਦੀ ਥਾਂ ਮਿਸ਼ਰਤ ਅਰਥ-ਵਿਵਸਥਾ ਵਾਲਾ ਹੈ । ਇਹ ਮਿਸ਼ਰਤ ਅਰਥ-ਵਿਵਸਥਾ ਕਿਵੇਂ ਹੈ ? *2*

**22.** ਇੱਕ ਉਦਾਹਰਨ ਦਾ ਉਪਯੋਗ ਕਰਦੇ ਹੋਏ ਸਮਝਾਉ ਕਿ ਕਾਰਜ ਕਰਤਾਵਾਂ ਦੀ ਦਖਤਾ ਕਿਸ ਪ੍ਰਕਾਰ ਘੱਟ ਹੁੰਦੀ ਹੈ ? *1+1=2*

**23.** (a) ਵਾਤਾਵਰਨ ਦੇ ਸੰਰਖਣ ਲਈ ਦਰਖੱਤਾਂ ਦਾ ਹੋਣਾ ਜ਼ਰੂਰੀ ਹੈ । ਇਕ ਸਾਫ਼-ਸੁਥਰਾ ਵਾਤਾਵਰਨ, ਸਾਫ਼ ਪਾਣੀ ਅਤੇ ਆਸ-ਪਾਸ ਦੀ ਸਾਫ਼-ਸਫ਼ਾਈ ਉੱਤੇ ਨਿਰਭਰ ਕਰਦਾ ਹੈ ਅਤੇ ਇਹ ਮਹੱਤਵਪੂਰਨ ਵੀ ਹੈ ।

ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਭਾਰਤ ਸਰਕਾਰ ਨੇ ਹਾਲ ਹੀ ਵਿੱਚ ਦੋ ਅਭਿਆਨ ਸ਼ੁਰੂ ਕੀਤੇ ਹਨ । ਉਨ੍ਹਾਂ ਦੇ ਨਾਂ ਲਿਖੋ । *1+1=2*

**ਜਾਂ**

(b) ਦੇਸ਼ ਭਰ ਵਿੱਚ ਫੈਲੇ ਵਿਭਿੰਨ ਜਨਜਾਤੀ ਸਮੂਹਾਂ ਦੇ ਮੁੱਦੇ ਸਾਂਝੇ ਹੋ ਸਕਦੇ ਹਨ । ਪਰ ਉਨ੍ਹਾਂ ਦੇ ਭੇਦ ਵੀ ਉਨੇ ਹੀ ਮਹੱਤਵਪੂਰਨ ਹਨ ।

ਭਾਰਤ ਦੇ ਦੋ ਨਵੇਂ ਬਣੇ ਰਾਜਾਂ ਦੇ ਨਾਂ ਲਿਖੋ ਜੋ ਜਨਜਾਤੀ ਅੰਦੋਲਨ ਦੇ ਅਧੀਨ ਬਣੇ । *1+1=2*

**24.** (a) ਦਿਹਾਤੀ ਸਮਾਜ ਵਿੱਚ ਵਿਭਿੰਨਤਾ ਦੇ ਦੋ ਕਾਰਨ ਦੱਸੋ । *1+1=2*

**ਜਾਂ**

(b) ਦਿਹਾਤੀ ਸਮਾਜ ਵਿੱਚ ਔਰਤਾਂ ਨੂੰ ਜ਼ਮੀਨ ਦੀ ਮਾਲਕੀ ਤੋਂ ਬਾਹਰ ਕਿਉਂ ਰੱਖਿਆ ਜਾਂਦਾ ਹੈ ? ਦੋ ਕਾਰਨ ਦੱਸੋ । *1+1=2*

**25.** ਭਾਰਤੀ ਰਾਸ਼ਟਰ ਰਾਜ ਸਮਾਜਕ ਅਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ ਵਿਸ਼ਵ ਦੇ ਸਭ ਤੋਂ ਵੱਧ ਵਿਭਿੰਨਤਾ ਭਰਪੂਰ ਦੇਸ਼ਾਂ ਵਿੱਚੋਂ ਇੱਕ ਹੈ । ਦੋ ਕਾਰਨ ਲਿਖੋ । *1+1=2*

**26.** ਕਿਨ੍ਹਾਂ ਦੋ ਪ੍ਰਕਾਰ ਦੇ ਵੱਡੇ ਮੁੱਦਿਆਂ ਨੇ ਜਨਜਾਤੀ ਅੰਦੋਲਨਾਂ ਨੂੰ ਉਭਾਰਨ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਭੂਮਿਕਾ ਨਿਭਾਈ ਹੈ ? *1+1=2*

**27.** ਮਾਤਰਵੰਸ਼ ਤੇ ਮਾਤਰਤੰਤਰ ਵਿੱਚ ਕੀ ਅੰਤਰ ਹੈ ? ਵਿਆਖਿਆ ਕਰੋ । *1+1=2*

**28.** ਮਾਲਥਸ ਦੇ ਜਨਸੰਖਿਆ ਵਾਧੇ ਦੇ ਸਿਧਾਂਤ ਅਨੁਸਾਰ ਜਨਸੰਖਿਆ ਵਾਧੇ ਨੂੰ ਰੋਕਣ ਦੇ ਦੋ ਨਿਯੰਤਰਨ ਦੇ ਨਾਂ ਅਤੇ ਪਰਿਭਾਸ਼ਾ ਦਿਉ । *1+1=2*

**29.** (a) ਮਿੱਲ ਮਜ਼ਦੂਰਾਂ ਦੇ ਸਾਹਮਣੇ ਆਉਣ ਵਾਲੀਆਂ ਕੋਈ ਦੋ ਚੁਣੌਤੀਆਂ ਦੇ ਨਾਂ ਲਿਖੋ । *1+1=2*

**ਜਾਂ**

(b) ਮਜ਼ਦੂਰਾਂ ਤੋਂ ਵਾਧੂ ਕੰਮ ਕਰਾਉਣ ਦੇ ਦੋ ਤਰੀਕੇ ਕਿਹੜੇ ਹਨ ? *1+1=2*

## ਖੰਡ ਏ

**30.** (a) ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਵਿਭਿੰਨ ਪ੍ਰਕਾਰ ਦੇ ਸਮਾਜ ਸੁਧਾਰਕ ਅੰਦੋਲਨਾਂ ਵਿੱਚ ਕੁਝ ਵਿਸ਼ੇਗਤ ਸਮਾਨਤਾਵਾਂ ਸਨ, ਪਰ ਨਾਲ ਹੀ ਮਹੱਤਵਪੂਰਨ ਅਸਹਿਮਤੀਆਂ ਵੀ ਸਨ । *4*

**ਜਾਂ**

(b) ਉਦਾਹਰਨਾਂ ਦੀ ਮਦਦ ਨਾਲ ਉਹਨਾਂ ਸਭਿਆਚਾਰਿਕ ਤਬਦੀਲੀਆਂ ਦੀ ਵਿਆਖਿਆ ਕਰੋ ਜੋ ਪੱਛਮ ਨਾਲ ਸਾਡੇ ਬਸਤੀਵਾਦੀ ਸੰਘਰਸ਼ ਦੇ ਨਤੀਜੇ ਵਜੋਂ ਹੋਈਆਂ । *4*

**31.** ਹਰੀ ਕ੍ਰਾਂਤੀ ਅਤੇ ਉਸ ਦੇ ਸਮਾਜਿਕ ਪਰਿਣਾਮਾਂ ਦੀ ਚਰਚਾ ਕਰੋ । *1+3=4*

**32.** ਹੜਤਾਲ ਅਤੇ ਤਾਲਾਬੰਦੀ ਵਿੱਚ ਅੰਤਰ ਲਿਖੋ । 1982 ਵਿੱਚ ਬੰਬਈ ਟੈਕਸਟਾਈਲ ਮਿੱਲ ਦੀ ਪ੍ਰਸਿੱਧ ਹੜਤਾਲ ਵਿੱਚ ਮਜ਼ਦੂਰਾਂ ਦੀਆਂ ਮੰਗਾਂ ਕਿਹੜੀਆਂ ਸਨ ? *2+2=4*

**33.** ਦੋ ਮਹਿਲਾ ਲੇਖਕਾਂ ਦੇ ਕੰਮ ਦੁਆਰਾ, ਔਰਤਾਂ ਦੇ ਅਧਿਕਾਰਾਂ ਲਈ ਸਮਾਜਿਕ ਸੁਧਾਰ ਵਿੱਚ ਉਨ੍ਹਾਂ ਦੇ ਯੋਗਦਾਨ ਦਾ ਵਰਣਨ ਕਰੋ । *4*

**34.** (a) ਚਾਹ ਦੇ ਬਾਗਾਂ ਦੀ ਉਦਾਹਰਨ ਵਰਤ ਕੇ ਦਿਖਾਓ ਕਿ ਕਿਵੇਂ ਬ੍ਰਿਟਿਸ਼ ਨੀਤੀਆਂ ਨੇ ਭਾਰਤੀ ਮਜਦੂਰਾਂ ਦਾ ਸ਼ੋਸ਼ਣ ਕੀਤਾ । *4*

**ਜਾਂ**

(b) ਐਮ.ਐਸ.ਏ. ਰਾਓ ਵੱਲੋਂ ਦਿੱਤੀਆਂ ਗਈਆਂ ਸ਼ਹਿਰੀਕਰਨ ਦੀਆਂ ਕਿਸਮਾਂ ਦਾ ਵਰਣਨ ਕਰੋ । *4*

**35.** ਦੁਨੀਆਂ ਭਰ ਵਿੱਚ ਅਪੰਗਤਾ/ਅਸਮਰੱਥਾ ਬਾਰੇ ਲੋਕਾਂ ਦੀ ਧਾਰਨਾ ਦੇ ਕੁੱਝ ਆਮ ਲੱਛਣ ਕਿਹੜੇ ਹਨ ? *4*

**ਖੰਡ ਸ**

**36.** (a) ਭਾਰਤ ਦੀ ਜਨਸੰਖਿਆ ਨੀਤੀ ਦੀ ਵਿਆਖਿਆ ਕਰੋ । *4+2=6*

**ਜਾਂ**

(b) ਜਨਸੰਖਿਆ ਸੰਕਰਮਨ ਦੇ ਸਿਧਾਂਤ ਦੀ ਚਰਚਾ ਕਰੋ । *1+5=6*

**37.** ਇੱਕ ਸੱਤਾਵਾਦੀ ਰਾਜ ਨਾਲ ਨਾਗਰਿਕ ਸਮਾਜ ਦੀ ਤੁਲਨਾ ਕਰੋ । *3+3=6*

**38.** ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ : *2+4=6*

ਖੇਤਰ ਵਿੱਚ ਨਸਲਵਾਦ ਦਾ ਆਰੰਭ ਜਨਜਾਤੀ ਦੀ ਇੱਕ ਸਸ਼ਕਤ ਅਗਿਆਤ ਪ੍ਰਣਾਲੀ ਦੇ ਸੰਪਰਕ ਵਿੱਚ ਆਉਣ ਦੇ ਪਰਿਣਾਮ ਸਰੂਪ ਵਿਕਸਿਤ ਹੋਈ ਨਵੀ ਪਰਸਥਿਤੀ ਦਾ ਸਾਹਮਣਾ ਕਰਨ ਦਾ ਪ੍ਰਤੀ ਉੱਤਰ ਸੀ । ਭਾਰਤੀ ਮੁੱਖ ਧਾਰਾ ਤੋਂ ਲੰਮੇ ਸਮੇਂ ਤੱਕ ਵੱਖ ਰਹਿਣ ਕਰਕੇ ਜਨਜਾਤੀਆਂ ਆਪਣਾ ਵਿਸ਼ਵ ਦਰਸ਼ਨ ਅਤੇ ਸਮਾਜਕ ਤੇ ਸੱਭਿਆਚਾਰਕ ਸੰਸਥਾਵਾਂ ਨੂੰ ਬਹੁਤ ਘੱਟ ਬਾਹਰੀ ਪ੍ਰਭਾਵ ਤੋਂ ਬਚਾ ਸਕੀਆਂ ... ਜਦਕਿ ਪਹਿਲੀ ਅਵਸਥਾ ਨੇ ਅਲਗਾਵ ਦੀ ਪ੍ਰਵਿਰਤੀ ਵਿਖਾਈ, ਇਹ ਪ੍ਰਵਿਰਤੀ ਭਾਰਤੀ ਸੰਵਿਧਾਨ ਦੇ ਘੇਰੇ ਵਿੱਚ ਹੀ ਖ਼ੁਦਮੁਖਤਿਆਰੀ ਦੀ ਖੋਜ ਦੁਆਰਾ ਬਦਲੀ/ਪ੍ਰਸਥਾਪਿਤ ਹੋਈ । (ਨਾਂਗਬਰੀ 2003 : 115)

(a) ਨਸਲਵਾਦ ਦਾ ਆਰੰਭ ਹੋਣ ਦੇ ਪਿਛੇ ਕੀ ਕਾਰਨ ਸੀ ? *2*

(b) ਕਬਾਇਲੀ ਅੰਦੋਲਨਾਂ ਦੇ ਰੁਝਾਨ ਵਿੱਚ ਕੀ ਤਬਦੀਲੀਆਂ ਆ ਰਹੀਆਂ ਹਨ ? *4*